# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਪੀ ਏ ਯੂ ਨੇ ਮਟਰ ਦੀ ਕਿਸਮ 'ਪੰਜਾਬ-90' ਨੂੰ ਉਤਸ਼ਾਹਿਤ ਕਰਨ ਲਈ ਹਰਿਆਣਾ ਦੀ ਕੰਪਨੀ ਨਾਲ ਸਮਝੌਤਾ ਕੀਤਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 8 ਅਕਤੂਬਰ : ਬੀਤੇ ਦਿਨੀਂ ਪੀ ਏ ਯੂ ਵਲੋਂ ਮਟਰ ਦੀ ਕਿਸਮ 'ਪੰਜਾਬ-90' ਦੇ ਪਸਾਰ ਲਈ ਪਿੰਡ ਚੌਰਾ (ਜ਼ਿਲ੍ਹਾ ਕਰਨਾਲ) ਸਥਿਤ 'ਸਾਹਿਬ ਸੀਡਜ਼ ਪ੍ਰਾਈਵੇਟ ਲਿਮਟਿਡ' ਨਾਲ ਇੱਕ ਸਮਝੌਤਾ ਕੀਤਾ ਗਿਆ। ਵਧੀਕ ਨਿਰਦੇਸ਼ਕ ਖੋਜ (ਖੇਤੀਬਾੜੀ ਅਤੇ ਬਾਗਬਾਨੀ) ਡਾ ਵਰਿੰਦਰ ਸਿੰਘ ਸੋਹੂ ਅਤੇ ਕੰਪਨੀ ਦੇ ਪ੍ਰਬੰਧਕੀ ਨਿਰਦੇਸ਼ਕ ਡਾ. ਗੁਰੂ ਦਿਆਲ ਨੇ ਆਪੋ-ਆਪਣੀਆਂ ਸੰਸਥਾਵਾਂ ਦੀ ਤਰਫੋਂ ਸਮਝੌਤੇ ਉੱਪਰ ਸਹੀ ਪਾਈ। ਇਸ ਮੌਕੇ ਵਧੀਕ ਖੋਜ ਨਿਰਦੇਸ਼ਕ (ਖੇਤੀਬਾੜੀ ਇੰਜੀਨੀਅਰਿੰਗ) ਡਾ. ਮਹੇਸ਼ ਕੁਮਾਰ, ਤਕਨਾਲੋਜੀ ਵਪਾਰੀਕਰਨ ਸੈੱਲ ਦੇ ਸਹਿਯੋਗੀ ਨਿਰਦੇਸ਼ਕ ਡਾ. ਖੁਸ਼ਦੀਪ ਧਾਰਨੀ, ਅਤੇ ਡਾ. ਰਾਜਿੰਦਰ ਕੁਮਾਰ ਢੱਲ, ਮੁੱਖ ਸਬਜ਼ੀ ਵਿਗਿਆਨੀ ਵੀ ਮੌਜੂਦ ਸਨ।

ਸਬਜ਼ੀ ਵਿਗਿਆਨ ਵਿਭਾਗ ਨੂੰ ਵਧਾਈ ਦਿੰਦਿਆਂ ਪੀ ਏ ਯੂ ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਇਸ ਸਮਝੌਤੇ ਦੇ ਨੇਪਰੇ ਚੜ੍ਹਨ ਅਤੇ ਉਦਯੋਗਿਕ ਸਹਿਯੋਗ ਰਾਹੀਂ ਯੂਨੀਵਰਸਿਟੀ ਦੀਆਂ ਖੋਜਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਟੀਮ ਦੀ ਸ਼ਲਾਘਾ ਕੀਤੀ।

ਡਾ. ਢੱਲ ਨੇ ਦੱਸਿਆ ਕਿ 'ਪੰਜਾਬ-90' ਮਟਰ ਦੀ ਦਰਮਿਆਨੇ ਮੌਸਮ ਵਾਲੀ ਵਾਲੀ ਕਿਸਮ ਹੈ। ਇਸ ਦੇ ਪੌਦੇ ਮਜ਼ਬੂਤ ਹੁੰਦੇ ਹਨ ਅਤੇ ਪ੍ਰਤੀ ਪੌਦਾ ਚੰਗੀ ਤਰ੍ਹਾਂ ਭਰੀਆਂ ਹੋਈਆਂ ਫਲੀਆਂ (18-25) ਦੀ ਗਿਣਤੀ ਹੁੰਦੀ ਹੈ। ਇਸ ਕਿਸਮ ਦੀਆਂ ਫਲੀਆਂ ਗੂੜ੍ਹੇ ਹਰੇ ਰੰਗ ਦੀਆਂ ਅਤੇ ਲੰਬੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਪ੍ਰਤੀ ਫਲੀ 8-10 ਦਾਣੇ ਹੁੰਦੇ ਹਨ। ਫਲੀਆਂ ਜੋੜਿਆਂ ਵਿੱਚ ਲੱਗਦੀਆਂ ਹਨ ਅਤੇ ਪਹਿਲੀ ਤੁੜਾਈ ਲਗਭਗ 85-90 ਦਿਨ ਤਕ ਹੁੰਦੀ ਹੈ। ਦਾਣੇ ਮਿੱਠੇ ਹੁੰਦੇ ਹਨ ਅਤੇ ਦਾਣੇ ਨਿਕਲਣ ਦੀ ਦਰ 55 ਫੀਸਦੀ ਹੈ। ਕਈ ਵਾਰ ਤੁੜਾਈ ਕਰਨ 'ਤੇ ਹਰੀਆਂ ਫਲੀਆਂ ਦੀ ਕੁੱਲ ਪੈਦਾਵਾਰ 62 ਕੁਇੰਟਲ ਪ੍ਰਤੀ ਏਕੜ ਅਤੇ ਇੱਕ ਵਾਰ ਤੁੜਾਈ ਕਰਨ 'ਤੇ 45 ਕੁਇੰਟਲ ਪ੍ਰਤੀ ਏਕੜ ਹੁੰਦੀ ਹੈ।

ਇਸ ਮੌਕੇ ਡਾ. ਖੁਸ਼ਦੀਪ ਧਾਰਨੀ ਨੇ ਕਿਹਾ ਕਿ ਪੀ ਏ ਯੂ ਦੁਆਰਾ ਵਿਕਸਤ ਕੀਤੀਆਂ ਸਬਜ਼ੀਆਂ ਦੀਆਂ ਕਿਸਮਾਂ ਅਤੇ ਹਾਈਬ੍ਰਿਡ ਕਿਸਾਨਾਂ ਵਿੱਚ ਬਹੁਤ ਲਗਾਤਾਰ ਪ੍ਰਵਾਨ ਹੋ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਉਦਯੋਗ ਨਾਲ ਵਪਾਰਕ ਸਮਝੌਤਿਆਂ ਅਤੇ ਖੋਜ ਨਤੀਜਿਆਂ ਦੇ ਲਾਭ ਹੇਠਲੇ ਪੱਧਰ ਅਤੇ ਕਿਸਾਨਾਂ ਤਕ ਪੁਚਾ ਕੇ ਇਸ ਕਿੱਤੇ ਨੂੰ ਲਾਭਕਾਰੀ ਬਣਾਇਆ ਜਾ ਰਿਹਾ ਹੈ

## 'ਮੇਰਾ ਘਰ, ਮੇਰਾ ਨਾਮ' ਤਹਿਤ ਭੋਲੂਵਾਲਾ ਦੇ 52 ਪਰਿਵਾਰਾਂ ਨੂੰ ਮਿਲੇ ਮਾਲਕੀ ਹੱਕ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਫ਼ਰੀਦਕੋਟ, 8 ਅਕਤੂਬਰ : ਵਿਧਾਇਕ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਦੀ ਸੁਪਤਨੀ ਮੈਡਮ ਬੇਅੰਤ ਕੌਰ ਨੇ ਅੱਜ ਹਲਕਾ ਫ਼ਰੀਦਕੋਟ ਦੇ ਪਿੰਡ ਭੋਲੂਵਾਲਾ ਵਿਖੇ 'ਮੇਰਾ ਘਰ, ਮੇਰਾ ਨਾਮ' ਸਕੀਮ ਤਹਿਤ 'ਲਾਲ ਲਕੀਰ' ਅੰਦਰ ਸਥਿਤ ਘਰਾਂ ਦੇ 52 ਪਰਿਵਾਰਾਂ ਨੂੰ ਮਾਲਕੀ ਹੱਕ ਸਬੰਧੀ ਦਸਤਾਵੇਜ਼ ਆਪਣੇ ਹੱਥੀਂ ਵੰਡੇ ਅਤੇ ਪਰਿਵਾਰਾਂ ਨੂੰ ਵਧਾਈ ਦਿੱਤੀ।

ਮੈਡਮ ਬੇਅੰਤ ਕੌਰ ਨੇ ਕਿਹਾ ਕਿ 'ਮੇਰਾ ਘਰ, ਮੇਰਾ ਨਾਮ' ਤਹਿਤ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਸਬੰਧੀ ਦਸਤਾਵੇਜ਼ ਮਿਲਣਾ ਇੱਕ ਮਹੱਤਵਪੂਰਨ ਕਦਮ ਹੈ। ਇਹ ਸਿਰਫ਼ ਦਸਤਾਵੇਜ਼ ਨਹੀਂ, ਸਗੋਂ ਸਾਲਾਂ ਤੋਂ ਆਪਣੇ ਘਰਾਂ ਵਿੱਚ ਰਹਿ ਰਹੇ ਪਰਿਵਾਰਾਂ ਲਈ ਆਪਣੇ ਘਰ ਅਤੇ ਆਪਣੀ ਜਾਇਦਾਦ 'ਤੇ ਕਾਨੂੰਨੀ ਮਾਲਕੀ ਦੀ ਮਾਨਤਾ ਹੈ।

ਉਨ੍ਹਾਂ ਕਿਹਾ ਕਿ ਪਿੰਡ ਭੋਲੂਵਾਲਾ ਦੇ 52 ਪਰਿਵਾਰਾਂ ਨੂੰ ਆਪਣੇ ਘਰਾਂ ਦੇ ਮਾਲਕੀ ਹੱਕ ਸਬੰਧੀ ਸਨਦਾਂ ਮਿਲਣ ਨਾਲ ਉਨ੍ਹਾਂ ਦੇ ਮਨਾਂ ਵਿੱਚ ਆਪਣੇ ਘਰ ਅਤੇ ਜਾਇਦਾਦ ਪ੍ਰਤੀ ਸੁਰੱਖਿਆ ਦੀ ਭਾਵਨਾ ਹੋਰ ਮਜ਼ਬੂਤ ਹੋਈ ਹੈ। ਉਨ੍ਹਾਂ ਮਾਲਕੀ ਹੱਕ ਪ੍ਰਾਪਤ ਕਰਨ ਵਾਲੇ ਸਾਰੇ ਪਰਿਵਾਰਾਂ ਨੂੰ ਦਿਲੋਂ ਵਧਾਈ ਦਿੱਤੀ।

ਮੈਡਮ ਬੇਅੰਤ ਕੌਰ ਨੇ ਕਿਹਾ ਕਿ 'ਲਾਲ ਲਕੀਰ' ਅੰਦਰ ਰਹਿ ਰਹੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਦਿਵਾਉਣ ਨਾਲ ਉਹ ਆਪਣੀ ਜਾਇਦਾਦ ਸਬੰਧੀ ਮਿਲੇ ਅਧਿਕਾਰਾਂ ਦਾ ਬਿਹਤਰ ਢੰਗ ਨਾਲ ਲਾਭ ਲੈ ਸਕਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਹੱਕਾਂ ਦੀ ਰਾਖੀ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਅਜਿਹੇ ਉਪਰਾਲੇ ਲਗਾਤਾਰ ਜਾਰੀ ਰਹਿਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਲੋਕਾਂ ਦੀ ਭਲਾਈ, ਹੱਕਾਂ ਦੀ ਰਾਖੀ ਅਤੇ ਹਲਕਾ ਫ਼ਰੀਦਕੋਟ ਦੇ ਵਿਕਾਸ ਲਈ ਹਰ ਸੰਭਵ ਯਤਨ ਜਾਰੀ ਰਹੇਗਾ।

ਇਸ ਮੌਕੇ ਗੁਰਪ੍ਰੀਤ ਸਿੰਘ ਧਾਲੀਵਾਲ, ਹਲਕਾ ਸੰਗਠਨ ਇੰਚਾਰਜ ਫ਼ਰੀਦਕੋਟ, ਅਤੁਲ ਗੋਇਲ, ਚੇਅਰਮੈਨ ਅਗਰਵਾਲ ਵੈਲਫੇਅਰ ਬੋਰਡ ਫ਼ਰੀਦਕੋਟ, ਦਵਿੰਦਰ ਸਿੰਘ ਸੇਖੋਂ, ਸਰਪੰਚ ਭਾਗਥਲਾ ਕਲਾਂ, ਤੋਂ ਇਲਾਵਾ ਪਿੰਡ ਭਾਗਥਲਾ ਕਲਾਂ, ਭਾਗਥਲਾ ਖੁਰਦ ਅਤੇ ਪਿੰਡ ਭੋਲੂਵਾਲਾ ਦੇ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

## ਲਾਇਨਜ਼ ਕਲੱਬ ਵਲੋਂ ਵਿਸ਼ਵ ਅਧਿਆਪਕ ਦਿਵਸ ਮੌਕੇ ਸਨਮਾਨ ਸਮਾਰੋਹ ਅਤੇ ਜਾਗਰੂਕਤਾ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 8 ਅਕਤੂਬਰ : 'ਲਾਇਨਜ਼ ਕਲੱਬ ਕੋਟਕਪੂਰਾ ਰਾਇਲ' ਵੱਲੋਂ ਨੇੜਲੇ ਪਿੰਡ ਪੰਜਗਰਾਈਂ ਕਲਾਂ ਦੇ ਪ੍ਰਾਇਮਰੀ ਸਕੂਲ ਗਿੱਲ ਪੱਤੀ ਵਿਖੇ ਵਿਸ਼ਵ ਅਧਿਆਪਕ ਦਿਵਸ ਮੌਕੇ ਜ਼ਿਲ੍ਹਾ ਗਵਰਨਰ 321-ਐੱਫ, ਲਾਇਨ ਅਜੇ ਗੋਇਲ ਦੀਆਂ ਹਦਾਇਤਾਂ ਮੁਤਾਬਿਕ ਸਫਾਈ ਮੁਹਿੰਮ ਤਹਿਤ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸਕੂਲ ਇੰਚਾਰਜ ਮੈਡਮ ਵੀਰਪਾਲ ਕੌਰ ਨੇ ਆਏ ਮਹਿਮਾਨਾ ਨੂੰ




ਜੀ ਆਇਆਂ ਆਖਿਆ ਤੇ ਬਲਜੀਤ ਸਿੰਘ ਐਮ ਡੀ ਦਸਮੇਸ਼ ਵਿਦਿਅਕ ਸੰਸਥਾਵਾਂ ਹਰੀਨੌਂ ਨੇ ਅਧਿਆਪਕ ਦਿਵਸ ਦੀ ਮਹੱਤਤਾ ਅਤੇ ਅਧਿਆਪਕਾਂ ਦੇ ਸਤਿਕਾਰ ਬਾਰੇ ਵੱਖ-ਵੱਖ ਨੁਕਤਿਆਂ ਦੀ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਪਰੰਤ ਸੁਰਜੀਤ ਸਿੰਘ ਘੁਲਿਆਣੀ ਨੇ ਕਲੱਬ ਦੀਆਂ ਪ੍ਰਾਪਤੀਆਂ, ਸੇਵਾਵਾਂ, ਕਾਰਜਾਂ ਅਤੇ ਲਾਇਨਜ ਇੰਟਰਨੈਸ਼ਨਲ ਬਾਰੇ ਜਾਣਕਾਰੀ ਮੁਹੱਈਆ ਕਰਵਾਈ। ਇੰਜੀ ਭੁਪਿੰਦਰ ਸਿੰਘ ਪ੍ਰਧਾਨ ਨੇ ਆਖਿਆ ਕਿ ਸਾਨੂੰ ਪਹਿਲਾਂ ਆਪ ਸਾਫ ਸੁਥਰਾ ਅਤੇ ਫਿਰ ਗਲੀ-ਮੁਹੱਲਿਆਂ ਸਮੇਤ ਘਰ ਦੀ ਸਫਾਈ ਵੱਲ ਧਿਆਨ ਦੇਣਾ ਚਾਹੀਦਾ ਹੈ। ਉਹਨਾ ਪਲੀਤ ਹੋ ਰਹੇ ਵਾਤਾਵਰਣ ਦੇ ਨੁਕਸਾਨ ਤੋਂ ਜਾਣੂ ਕਰਵਾਇਆ। ਕਲੱਬ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਗਿੱਲ ਪੱਤੀ ਦੇ ਈਟੀਟੀ ਅਧਿਆਪਕ ਸ਼੍ਰੀ ਛਿੰਦਰ ਪਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੁਰਜੀਤ ਸਿੰਘ ਬੀਪੀਈਓ ਨੇ ਗੁਰੂ ਨਾਨਕ ਸਪੋਰਟਸ ਵੈਲਫੇਅਰ ਕਲੱਬ ਦੇ ਪ੍ਰਧਾਨ ਅਤੇ ਸਟੇਟ ਐਵਾਰਡੀ ਸ਼੍ਰੀ ਖਰੈਤੀ ਲਾਲ ਵੱਲੋਂ ਛਿੰਦਰਪਾਲ ਨੂੰ ਸਨਮਾਨਿਤ ਕਰਨ ਲਈ ਕਲੱਬ ਦਾ ਧੰਨਵਾਦ ਕੀਤਾ। ਇਸ ਮੌਕੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਕਲੱਬ ਵਲੋਂ ਉਕਤ ਬੱਚਿਆਂ ਦਾ ਨਗਦ ਰਾਸ਼ੀ ਨਾਲ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਪਿੰਡ ਦੇ ਸਰਪੰਚ, ਪੰਚਾਇਤ ਮੈਂਬਰ, ਗੁਰੂ ਨਾਨਕ ਸਪੋਰਟਸ ਵੈਲਫੇਅਰ ਕਲੱਬ ਦੇ ਪ੍ਰਧਾਨ ਸਮੇਤ ਮਨਜੀਤ ਸਿੰਘ ਲਵਲੀ, ਬੀਰਇੰਦਰਪਾਲ ਸ਼ਰਮਾ ਆਦਿ ਵੀ ਹਾਜਰ ਸਨ।

## ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਦੋ ਦਿਨਾਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ

### ਸਿੱਖ ਭਾਈਚਾਰੇ ਦੀ ਵਿਸ਼ਵ ਪੱਧਰੀ ਭੂਮਿਕਾ, ਸੰਸਥਾਗਤ ਵਿਕਾਸ ਤੇ ਭਵਿੱਖ ਦੀਆਂ ਚੁਣੌਤੀਆਂ 'ਤੇ ਗੰਭੀਰ ਵਿਚਾਰ-ਵਟਾਂਦਰਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 8 ਅਕਤੂਬਰ : ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਸਰੀ ਦੇ ਸਿਟੀ ਹਾਲ ਆਡੀਟੋਰੀਅਮ ਵਿਚ ਕਰਵਾਈ ਦੋ ਦਿਨਾਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 2026 ਦੌਰਾਨ ਸਿੱਖ ਪ੍ਰਵਾਸੀ ਭਾਈਚਾਰੇ ਦੀਆਂ ਚੁਣੌਤੀਆਂ, ਸਿੱਖ ਸੰਸਥਾਵਾਂ ਦੇ ਵਿਕਾਸ, ਉੱਚ ਸਿੱਖਿਆ ਵਿੱਚ ਏ.ਆਈ. ਦੀ ਭੂਮਿਕਾ, ਸਿੱਖ ਇਤਿਹਾਸ ਤੇ ਵਿਰਾਸਤ ਸਮੇਤ ਕਈ ਅਹਿਮ ਵਿਸ਼ਿਆਂ 'ਤੇ ਵਿਦਵਾਨਾਂ, ਖੋਜਕਾਰਾਂ ਅਤੇ ਸਿੱਖਿਆ-ਮਾਹਿਰਾਂ ਨੇ ਵਿਚਾਰ ਸਾਂਝੇ ਕੀਤੇ। ਕਾਨਫਰੰਸ ਵਿਚ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ ਅਤੇ ਯੂ.ਕੇ. ਤੋਂ ਨਾਮਵਰ ਵਿਦਵਾਨਾਂ ਨੇ ਸ਼ਮੂਲੀਅਤ ਕੀਤੀ।

ਕਾਨਫਰੰਸ ਦੇ ਪਹਿਲੇ ਦਿਨ ਦਾ ਮੁੱਖ ਭਾਸ਼ਣ ਅਰਥ-ਸ਼ਾਸਤਰੀ, ਸਾਬਕਾ ਆਈ.ਐੱਮ.ਐੱਫ. ਡਿਵੀਜ਼ਨ ਮੁਖੀ, ਨਿਵੇਸ਼ਕ ਅਤੇ ਸਮਾਜ-ਸੇਵੀ ਡਾ. ਮਨਮੋਹਨ ਸਿੰਘ ਕੁਮਾਰ ਨੇ 'ਨਵੀਂ ਦੁਨੀਆਂ ਵਿੱਚ ਸਿੱਖ ਪ੍ਰਵਾਸੀ ਭਾਈਚਾਰਾ: ਚੁਣੌਤੀਆਂ, ਮੌਕੇ ਅਤੇ ਨਵੀਆਂ ਉਚਾਈਆਂ' ਵਿਸ਼ੇ 'ਤੇ ਦਿੱਤਾ। ਡਾ. ਸੰਦੀਪ ਕੌਰ ਗਲੋਵਰ ਨੇ 'ਸੁਣਿਆ ਮੰਨਿਆ ਮਨਿ ਕੀਤਾ ਭਾਉ' ਦੇ ਹਵਾਲੇ ਨਾਲ ਸੁਣਨ, ਸਮਝਣ ਅਤੇ ਅਮਲ ਰਾਹੀਂ ਪਰਿਵਰਤਨਕਾਰੀ ਪਿਆਰ ਦੀ ਧਾਰਨਾ ਉਜਾਗਰ ਕੀਤੀ।

ਡਾ. ਅੰਜੁਮ ਦਾਰਾ, ਡਿਪਟੀ ਡਾਇਰੈਕਟਰ, ਡਾਇਰੈਕਟੋਰੇਟ ਜਨਰਲ ਆਫ਼ ਆਰਕੀਓਲੋਜੀ, ਪੰਜਾਬ, ਪਾਕਿਸਤਾਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਪੰਜਾਬ ਦੇ ਖ਼ੁਦਮੁਖਤਿਆਰ ਰਾਜ ਬਾਰੇ ਵਿਚਾਰ ਪੇਸ਼ ਕੀਤੇ। ਡਾ. ਜ਼ੋਰਾ ਸਿੰਘ ਨੇ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿੱਚ ਉੱਚ ਸਿੱਖਿਆ ਦੇ ਭਵਿੱਖ ਅਤੇ ਡਾ. ਤਰਲੋਚਨ ਸਿੰਘ ਨਾਹਲ ਨੇ ਸਿਕੰਦਰ, ਪੋਰਸ ਤੇ ਹਾਈਡੈਸਪਸ ਦੀ ਲੜਾਈ ਬਾਰੇ ਨਵੇਂ ਇਤਿਹਾਸਕ ਦ੍ਰਿਸ਼ਟੀਕੋਣ ਪੇਸ਼ ਕੀਤੇ। 'ਗੁਰਬਾਣੀ ਅਰਥ ਮਿਲਾਣ' ਖੋਜ ਪ੍ਰੋਜੈਕਟ ਅਤੇ ਵਿਸ਼ਵ ਪੱਧਰੀ ਉੱਚ ਸਿੱਖਿਆ ਵਿੱਚ ਏ.ਆਈ. ਦੀ ਭੂਮਿਕਾ ਬਾਰੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਾਰਮਿਕ ਸਿੱਖਿਆ ਵਿਭਾਗ ਦੇ ਮੁਖੀ ਡਾ. ਗੁਰਮੇਲ ਸਿੰਘ, ਡਾ. ਹਰਜਿੰਦਰ ਸਿੰਘ ਸੰਧੂ ਅਤੇ ਮਨਦੀਪ ਸਿੰਘ ਸੱਜਨ ਨੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਨੌਜਵਾਨਾਂ ਨਾਲ ਗੱਲਬਾਤ ਵਿੱਚ ਗੁਰਮੇਹਰ ਸਿੰਘ ਸੰਧੂ ਅਤੇ ਜੈਸਮੀਨ ਰੇਹਲ ਨੇ ਨਵੀਂ ਪੀੜ੍ਹੀ ਦੇ ਦ੍ਰਿਸ਼ਟੀਕੋਣ ਸਾਂਝੇ ਕੀਤੇ।

ਦੂਜੇ ਦਿਨ ਦਾ ਕੇਂਦਰ ਸਿੱਖ ਸੰਸਥਾਵਾਂ ਦੇ ਅਤੀਤ, ਵਰਤਮਾਨ ਅਤੇ ਭਵਿੱਖ 'ਤੇ ਰਿਹਾ। ਡਾ. ਗੁਰਮੇਲ ਸਿੰਘ ਅਤੇ ਸਤਬੀਰ ਸਿੰਘ ਨੇ ਸਿੱਖ ਸੰਸਥਾਵਾਂ ਦੀ ਯਾਤਰਾ ਅਤੇ ਭਵਿੱਖੀ ਦਿਸ਼ਾ ਬਾਰੇ ਵਿਚਾਰ ਰੱਖੇ। 'ਗੁਰੂ ਨਾਨਕ ਇੰਸਟੀਚਿਊਟ' ਤੋਂ 'ਗੁਰੂ ਨਾਨਕ ਯੂਨੀਵਰਸਿਟੀ' ਤੱਕ ਦੇ ਦ੍ਰਿਸ਼ਟੀਕੋਣ ਨੂੰ ਜੀ.ਐੱਨ.ਆਈ. ਦੇ ਪ੍ਰਧਾਨ ਅਤੇ ਸੀ.ਈ.ਓ. ਗਿਆਨ ਸਿੰਘ ਸੰਧੂ ਨੇ ਵਿਸਥਾਰ ਨਾਲ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਇੰਸਟੀਚਿਊਟ ਵੱਲੋਂ ਗਿਆਨ, ਖੋਜ, ਅਕਾਦਮਿਕ ਸੰਵਾਦ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਮੌਜੂਦ ਪਾੜਿਆਂ ਨੂੰ ਪੂਰਾ ਕਰਨ ਲਈ ਲੰਮੇ ਸਮੇਂ ਦੀ ਯੋਜਨਾ ਤਹਿਤ ਕੰਮ ਕੀਤਾ ਜਾ ਰਿਹਾ ਹੈ ਅਤੇ ਅਗਲੇ ਪੰਜ ਸਾਲਾਂ ਦੌਰਾਨ ਸੰਸਥਾ ਨੂੰ ਯੂਨੀਵਰਸਿਟੀ ਦਾ ਰੂਪ ਦੇਣ ਦਾ ਟੀਚਾ ਹੈ।



ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਉੱਤਰੀ ਅਮਰੀਕਾ ਵਿੱਚ ਪੰਜਾਬੀ ਭਾਸ਼ਾ, ਸਾਹਿਤ, ਖੋਜ ਅਤੇ ਸਕਾਲਰਸ਼ਿਪ ਦੇ ਖੇਤਰ ਵਿੱਚ ਵੱਡੇ ਅਕਾਦਮਿਕ ਪਾੜੇ ਮੌਜੂਦ ਹਨ। ਸੰਸਥਾ ਦਾ ਉਦੇਸ਼ ਸਿਰਫ਼ ਕੋਰਸ ਕਰਵਾਉਣਾ ਨਹੀਂ, ਸਗੋਂ ਇਤਿਹਾਸਕ ਤੇ ਪੁਰਾਲੇਖੀ ਖੋਜ, ਗਿਆਨ ਦੀ ਸਿਰਜਣਾ ਅਤੇ ਵਿਦਵਾਨਾਂ ਤੇ ਵਿਦਿਆਰਥੀਆਂ ਵਿਚਕਾਰ ਅਕਾਦਮਿਕ ਸੰਵਾਦ ਨੂੰ ਉਤਸ਼ਾਹਿਤ ਕਰਨਾ ਹੈ। ਹੁਣ ਤੱਕ ਲਗਭਗ 1300 ਵਿਦਿਆਰਥੀ ਸੰਸਥਾ ਦੇ ਪ੍ਰੋਗਰਾਮਾਂ ਨਾਲ ਜੁੜ ਚੁੱਕੇ ਹਨ ਅਤੇ 400 ਤੋਂ ਵੱਧ ਵਿਦਿਆਰਥੀ ਪੂਰੀ ਸਕਾਲਰਸ਼ਿਪ 'ਤੇ ਸਿੱਖਿਆ ਹਾਸਲ ਕਰ ਰਹੇ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਸ ਸੰਸਥਾ ਦਾ ਮੁੱਖ ਕੇਂਦਰ ਇਮੀਗ੍ਰੇਸ਼ਨ ਨਹੀਂ, ਸਗੋਂ ਸਿੱਖਿਆ ਅਤੇ ਖੋਜ ਹੈ।

ਕਾਨਫਰੰਸ ਦੌਰਾਨ ਸਮਾਜ ਸੇਵਾ, ਮਾਨਵਤਾਵਾਦੀ ਕਾਰਜਾਂ ਅਤੇ ਸਿੱਖ ਪਛਾਣ ਦੀ ਚੜ੍ਹਦੀ ਕਲਾ ਲਈ ਕਾਰਜਸ਼ੀਲ ਪ੍ਰਮੁੱਖ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਆਪਣੀਆਂ ਸੰਸਥਾਵਾਂ ਦੀ ਅਗਵਾਈ, ਮੌਜੂਦਾ ਗਤੀਵਿਧੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਚਾਨਣਾ ਪਾਇਆ। ਇਸ ਮੌਕੇ 'ਦਿ ਸਿੱਖ ਕੋਲੀਸ਼ਨ' ਵੱਲੋਂ ਹਰਜੋਤ ਸਿੰਘ, 'ਖ਼ਾਲਸਾ ਸੈਂਟਰ, ਸਰੀ' ਤੋਂ ਸੰਦੀਪ ਕੌਰ, 'ਖ਼ਾਲਸਾ ਫਾਊਂਡੇਸ਼ਨ' ਵੱਲੋਂ ਇੰਦਰਪ੍ਰੀਤ ਸਿੰਘ, ਅਤੇ 'ਖ਼ਾਲਸਾ ਕ੍ਰੈਡਿਟ ਯੂਨੀਅਨ' ਦੇ ਹਰਦੀਪ ਸਿੰਘ ਬੈਂਸ ਨੇ ਸ਼ਿਰਕਤ ਕੀਤੀ। ਇਸੇ ਤਰ੍ਹਾਂ 'ਗੁਰੂ ਨਾਨਕ ਫ੍ਰੀ ਕਿਚਨ' ਤੋਂ ਬਲਕਰਨ ਸਿੰਘ, 'ਖ਼ਾਲਸਾ ਏਡ ਕੈਨੇਡਾ' ਵੱਲੋਂ ਬਲਜੀਤ ਕੌਰ, 'ਵਰਲਡ ਸਿੱਖ ਆਰਗੇਨਾਈਜ਼ੇਸ਼ਨ' (WSO) ਵੱਲੋਂ ਉਪਿੰਦਰ ਸਿੰਘ ਢੀਂਡਸਾ, ਅਤੇ 'ਸਿੱਖ RI' ਦੇ ਭਵਰਾਜ ਸਿੰਘ ਚਟੌਰਾ, 'ਸਿੱਖ ਨੈਸ਼ਨਲ ਆਰਕਾਈਵਜ਼' ਤੋਂ ਰੁਪਿੰਦਰ ਕੌਰ, 'ਸਿੱਖ ਹੈਰੀਟੇਜ ਸੁਸਾਇਟੀ ਬੀ.ਸੀ.' ਤੋਂ ਮੋਹਨਾਮ ਕੌਰ ਸ਼ੇਰਗਿੱਲ ਅਤੇ 'ਅਲਬਰਟਾ ਐਡਵਾਂਸ ਅਕੈਡਮੀ' ਦੇ ਜਗਵਿੰਦਰ ਸਿੰਘ ਸਿੱਧੂ ਨੇ ਆਪਣੀਆਂ ਸੰਸਥਾਵਾਂ ਦੀ ਅਗਵਾਈ ਕਰਦਿਆਂ ਚੱਲ ਰਹੇ ਪ੍ਰੋਜੈਕਟਾਂ ਦਾ ਵੇਰਵਾ ਦਿੱਤਾ।

ਗੁਰਦੁਆਰਿਆਂ ਦੀ ਬਦਲਦੀ ਭੂਮਿਕਾ ਬਾਰੇ ਪੈਨਲ ਚਰਚਾ ਵਿੱਚ ਡਾ. ਜਸਵੀਰ ਕੌਰ, ਗਿਆਨੀ ਜਸਬੀਰ ਸਿੰਘ, ਅਵਤਾਰ ਸਿੰਘ ਮੱਲ੍ਹੀ ਅਤੇ ਡਾ. ਸਤਵੀਰ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਦਾ ਮੂਲ ਮੰਤਵ ਗੁਰਬਾਣੀ ਰਾਹੀਂ ਮਨੁੱਖ ਨੂੰ ਰੂਹਾਨੀ ਸੇਧ ਦੇ ਕੇ ਜੀਵਨ ਵਿੱਚ ਤਬਦੀਲੀ ਲਿਆਉਣਾ ਹੈ। ਉਨ੍ਹਾਂ ਕਿਹਾ ਕਿ ਸਮਾਜਿਕ ਤੇ ਭਾਈਚਾਰਕ ਸਰਗਰਮੀਆਂ ਦੇ ਨਾਲ ਗੁਰਦੁਆਰਿਆਂ ਦੇ ਰੂਹਾਨੀ ਪੱਖ ਨੂੰ ਕੇਂਦਰ ਵਿੱਚ ਰੱਖਣਾ ਅਤੇ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ, ਰੂਹਾਨੀਅਤ ਤੇ ਭਾਈਚਾਰਕ ਜੀਵਨ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ।

ਕਾਨਫਰੰਸ ਦੇ ਅੰਤਿਮ ਪੜਾਅ ਵਿੱਚ 'ਸਰਬੱਤ ਦਾ ਭਲਾ' ਲਈ ਮਿਲ ਕੇ ਕੰਮ ਕਰਨ ਬਾਰੇ ਖੁੱਲ੍ਹੀ ਚਰਚਾ ਹੋਈ। ਸਮਾਪਤੀ ਮੌਕੇ ਡਾ. ਕਮਲਜੀਤ ਕੌਰ ਸਿੱਧੂ, ਉਪ-ਪ੍ਰਧਾਨ (ਅਕਾਦਮਿਕ) ਅਤੇ ਕਾਨਫਰੰਸ ਦੀ ਸਹਿ-ਚੇਅਰਪਰਸਨ ਨੇ ਸਭਨਾਂ ਵਿਦਵਾਨਾਂ, ਖੋਜਕਾਰਾਂ, ਸੰਸਥਾਵਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਦੋਵੇਂ ਦਿਨ ਕਾਨਫਰੰਸ ਦੀ ਸ਼ੁਰੂਆਤ ਗੁਰਮਤ ਸਿੰਘ ਧਾਲੀਵਾਲ ਵੱਲੋਂ ਕੀਤੀ ਅਰਦਾਸ ਨਾਲ ਹੋਈ। ਕਾਨਫਰੰਸ ਦਾ ਸੰਚਾਲਨ ਗੁਰਜੀਤ ਕੌਰ ਬੈਂਸ ਅਤੇ ਅਮਨ ਸਿੰਘ ਹੁੰਦਲ ਨੇ ਬਾਖੂਬੀ ਕੀਤਾ। ਕਾਨਫਰੰਸ ਵਿਚ ਕੁਝ ਸਥਾਨਕ ਰਾਜਨੀਤਕ ਆਗੂਆਂ, ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਸ਼ਹਿਰ ਦੇ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ। ਇਹ ਕਾਨਫਰੰਸ ਸਿੱਖਿਆ, ਖੋਜ, ਸੰਸਥਾਗਤ ਸਹਿਯੋਗ, ਨੌਜਵਾਨਾਂ ਦੀ ਸ਼ਮੂਲੀਅਤ ਅਤੇ ਸਿੱਖੀ ਦੇ ਮੁੱਲਾਂ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜਨ ਦੀ ਲੋੜ ਨੂੰ ਉਭਾਰਦਿਆਂ ਸਿੱਖ ਸੰਸਥਾਵਾਂ ਨੂੰ ਮਿਲ ਕੇ ਅੱਗੇ ਵਧਣ ਦਾ ਸੁਨੇਹਾ ਦੇਣ ਨਾਲ ਸਮਾਪਤ ਹੋਈ।

## ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ 18 ਅਕਤੂਬਰ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 8 ਅਕਤੂਬਰ : ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ 18 ਅਕਤੂਬਰ (ਐਤਵਾਰ) ਨੂੰ 13ਵਾਂ ਛਿਮਾਹੀ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਲੋਕ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦ ਨੂੰ ਸਮਰਪਿਤ ਹੋਵੇਗਾ, ਜੋ ਦੁਪਹਿਰ 2:00 ਤੋਂ 4:30 ਵਜੇ ਤੱਕ ਸਿਟੀ ਸੈਂਟਰ ਲਾਇਬ੍ਰੇਰੀ ਸਰੀ (ਰੂਮ ਨੰ: 401) ਵਿਖੇ ਚੱਲੇਗਾ।

ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮਲੂਕ ਚੰਦ ਕਲੇਰ (ਮੋਹੀ) ਨੇ ਦੱਸਿਆ ਕਿ ਸਮਾਗਮ ਦੌਰਾਨ ਕਵੀ ਦਰਬਾਰ ਤੋਂ ਇਲਾਵਾ "ਫੈਸਲਾ" ਵਿਸ਼ੇ 'ਤੇ ਵਿਚਾਰ-ਚਰਚਾ ਕੀਤੀ ਜਾਵੇਗੀ। ਉਹਨਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦਾ ਨਿੱਘਾ ਸੱਦਾ ਦਿੱਤਾ ਹੈ।

## ਮੈਂ ਤੇ ਮੇਰੀ ਕਵਿਤਾ




ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

ਜਦ ਵੀ 'ਕੱਠਿਆਂ ਬਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।
ਗਹਿਰਾਈਆਂ ਵਿੱਚ ਲਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।

ਮੈਂ ਤੁੱਕੇ ਜਿਹੇ ਛੱਡੀ ਜਾਵਾਂ, ਕਵਿਤਾ ਬੰਦ ਸਜਾਉਂਦੀ।
ਅੰਬਰ ਉੱਡਦੀਆਂ ਮੈਂ ਵਿਖਾਵਾਂ, ਕਵਿਤਾ ਥੱਲੇ ਲਾਹੁੰਦੀ।
ਫਿਰ ਵਹਿਣਾਂ ਵਿੱਚ ਵਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।
ਜਦ ਵੀ 'ਕੱਠਿਆਂ ਬਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।
ਗਹਿਰਾਈਆਂ ਵਿੱਚ ਲਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।

ਅਖਾਣ, ਅਖੌਤਾਂ, ਤਸ਼ਬੀਹਾਂ ਨੂੰ ਮੈਂ ਫਿਰ ਦੇਵਾਂ ਆਵਾਜ਼ੇ।
ਕਵਿਤਾ ਕਰਕੇ ਲੋਟ ਇਹਨਾਂ ਨੂੰ ਲੜੀਆਂ ਦੇ ਵਿੱਚ ਸਾਜੇ।
ਹਮਕਿਰਤੀ ਬਣ ਡਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।
ਜਦ ਵੀ 'ਕੱਠਿਆਂ ਬਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।
ਗਹਿਰਾਈਆਂ ਵਿੱਚ ਲਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।

ਮੈਂ ਰੋਮੀ ਦੀ ਕਲਮ-ਝਰੀਟੀ ਬੇਸ਼ੱਕ ਲੱਗੇ ਖਾਰਜ।
ਕਵਿਤਾ ਨਾਲ਼ ਘੜਾਮਾਂ ਲਾ ਕੇ ਕਰੇ ਸੰਪੂਰਨ ਕਾਰਜ।
ਆਪਣੇ ਧੁਰ ਦੀ ਕਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।
ਜਦ ਵੀ 'ਕੱਠਿਆਂ ਬਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।
ਗਹਿਰਾਈਆਂ ਵਿੱਚ ਲਹਿ ਜਾਨੇ ਆਂ,
ਮੈਂ ਤੇ ਮੇਰੀ ਕਵਿਤਾ।

## ਇੰਟਰਨੈਸ਼ਨਲ ਮਿਲੇਨੀਅਮ ਸਕੂਲ ਕੋਟਕਪੂਰਾ ਵਿਖੇ ਡਰਾਇੰਗ ਅਤੇ ਆਰਟ ਮੁਕਾਬਲਾ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 8 ਅਕਤੂਬਰ : ਇੰਟਰਨੈਸ਼ਨਲ ਮਿਲੇਨੀਅਮ ਸਕੂਲ, ਕੋਟਕਪੂਰਾ ਵਿਖੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਕਲਾਤਮਕ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਲਈ ਡਰਾਇੰਗ ਅਤੇ ਆਰਟ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲਾ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਅਤੇ ਭਾਰਤੀ ਜਨਤਾ ਪਾਰਟੀ ਦੀ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪੱਧਰ 'ਤੇ ਕਰਵਾਏ ਜਾ ਰਹੇ ਡਰਾਇੰਗ ਮੁਕਾਬਲਿਆਂ ਦੀ ਲੜੀ ਤਹਿਤ ਆਯੋਜਿਤ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਧਿਆਪਕ ਸੈੱਲ ਦੇ ਕਨਵੀਨਰ ਹਰਵਿੰਦਰ ਸਿੰਘ ਧਾਲੀਵਾਲ ਦੀ ਡਿਊਟੀ ਸਕੂਲਾਂ ਵਿੱਚ ਜਾ ਕੇ ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਉਣ ਲਈ ਲਗਾਈ ਗਈ। ਇਸੇ ਤਹਿਤ ਇੰਟਰਨੈਸ਼ਨਲ ਮਿਲੇਨੀਅਮ ਸਕੂਲ, ਕੋਟਕਪੂਰਾ ਦੇ ਚੇਅਰਮੈਨ ਸ੍ਰੀ ਵਾਸੁਦੇਵ ਸ਼ਰਮਾ



ਜੀ ਦੇ ਸਹਿਯੋਗ ਨਾਲ ਇਹ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲੈਂਦਿਆਂ ਆਪਣੀ ਕਲਪਨਾਸ਼ਕਤੀ, ਰਚਨਾਤਮਕ ਸੋਚ ਅਤੇ ਕਲਾਤਮਕ ਹੁਨਰ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਰੰਗਾਂ ਰਾਹੀਂ ਆਪਣੇ ਵਿਚਾਰਾਂ ਨੂੰ ਕਾਗਜ਼ 'ਤੇ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ। ਮੁਕਾਬਲੇ ਦੌਰਾਨ ਬੱਚਿਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸਕੂਲ ਦੇ ਚੇਅਰਮੈਨ ਸ੍ਰੀ ਵਾਸੂਦੇਵ ਸ਼ਰਮਾ ਜੀ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਕਲਾ ਅਤੇ ਰਚਨਾਤਮਕ ਗਤੀਵਿਧੀਆਂ ਬੱਚਿਆਂ ਦੇ ਆਤਮ-ਵਿਸ਼ਵਾਸ ਅਤੇ ਪ੍ਰਤਿਭਾ ਨੂੰ ਨਿਖਾਰਨ ਲਈ ਬਹੁਤ ਜ਼ਰੂਰੀ ਹਨ। ਹਰਵਿੰਦਰ ਸਿੰਘ ਧਾਲੀਵਾਲ ਨੇ ਵੀ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇੰਟਰਨੈਸ਼ਨਲ ਮਿਲੇਨੀਅਮ ਸਕੂਲ, ਕੋਟਕਪੂਰਾ ਵੱਲੋਂ ਅਜਿਹੇ ਰਚਨਾਤਮਕ ਅਤੇ ਸਿੱਖਿਆਦਾਇਕ ਉਪਰਾਲਿਆਂ ਨੂੰ ਹਮੇਸ਼ਾ ਉਤਸ਼ਾਹਿਤ ਕੀਤਾ ਜਾਂਦਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਲਈ ਉਚਿਤ ਮੰਚ ਪ੍ਰਦਾਨ ਕੀਤਾ ਜਾ ਸਕੇ।

## ਕੋਟਕਪੂਰਾ ਵਿਸ਼ਵਾਸ਼ ਲਾਇਨਜ਼ ਕਲੱਬ ਵੱਲੋਂ ਅੰਤਰਰਾਸ਼ਟਰੀ ਅਧਿਆਪਕ ਦਿਵਸ 'ਤੇ ਚਾਰ ਅਧਿਆਪਕ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 8 ਅਕਤੂਬਰ : ਬੀਤੀ ਸ਼ਾਮ ਸਥਾਨਕ ਹੋਟਲ ਸਾਗਰ ਵਿਖ਼ੇ ਕੋਟਕਪੂਰਾ ਵਿਸ਼ਵਾਸ਼ ਲਾਇਨਜ ਕਲੱਬ ਵੱਲੋ ਅੰਤਰ-ਰਾਸ਼ਟਰੀ ਅਧਿਆਪਕ ਦਿਵਸ ਮਨਾਇਆ ਗਿਆ। ਜਿਸ ਵਿੱਚ ਚਾਰ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨਿਤ ਅਧਿਆਪਕਾਂ ਵਿਚ ਸ. ਗੁਰਦੇਵ ਸਿੰਘ ਪੰਜਾਬੀ ਅਧਿਆਪਕ ਮੜਾਕ, ਸ੍ਰੀ ਕਮਲ ਕੁਮਾਰ ਮੈਥ ਅਧਿਆਪਕ ਮੜਾਕ, ਸਿਰੀ ਰਾਮ ਕਿਸ਼ਨ ਸਾਇੰਸ ਅਧਿਆਪਕ ਰੋਮਾਨਾ ਅਲਬੇਲ ਸਿੰਘ, ਸ੍ਰੀਮਤੀ ਸ਼ਵੇਤਾ ਹਿੰਦੀ ਅਧਿਆਪਕ ਰੋਮਾਨਾ ਅਲਬੇਲ ਸਿੰਘ ਸ਼ਾਮਲ ਸਨ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਲਾਇਨ ਵਿਕਰਾਂਤ ਧੀਂਗੜਾ ਨੇ ਬਾਖੂਬੀ ਨਿਭਾਈ। ਲਾਇਨ ਕੁਲਵੰਤ ਸਿੰਘ ਸਰਾਂ ਪ੍ਰਧਾਨ ਨੇ ਸਨਮਾਨਿਤ ਅਧਿਆਪਕਾਂ ਨਾਲ ਜਾਣ ਪਛਾਣ



ਕਰਵਾਈ ਅਤੇ ਉਹਨਾਂ ਦੇ ਅਧਿਆਪਨ ਦੇ ਕਿੱਤੇ ਅਤੇ ਸਕੂਲ ਵਿਚ ਹੋਰ ਗਤੀਵਿਧੀਆ ਦਾ ਬਾਖੂਬੀ ਚਾਨਣਾ ਪਾਇਆ। ਸਨਮਾਨਿਤ ਅਧਿਆਪਕਾਂ ਵੱਲੋ ਸ. ਗੁਰਦੇਵ ਸਿੰਘ ਪੰਜਾਬੀ ਅਧਿਆਪਕ ਵੱਲੋ ਕਲੱਬ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਆਪਣੇ ਧੰਨਵਾਦੀ ਭਾਸ਼ਣ ਵਿਚ ਲਾਇਨ ਰਾਜਿੰਦਰ ਸਿੰਘ ਸਰਾਂ ਨੇ ਪਵਿੱਤਰ ਅਧਿਆਪਨ ਕਿਤੇ ਦੀ ਭਰਪੂਰ ਸ਼ਲਾਘਾ ਕਰਦਿਆਂ ਅਧਿਆਪਕ ਸਾਥੀਆਂ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹਾਜ਼ਰ ਮੈਂਬਰ ਸਹਿਬਾਨ ਦਾ ਅਤੇ ਪਰਵਾਰਿਕ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੀਟਿੰਗ ਵਿੱਚ ਐਮ.ਜੇ.ਐਫ. ਲਾਇਨ ਗੁਰਦੀਪ ਸਿੰਘ, ਲਾਇਨ ਜਗਸੀਰ ਸਿੰਘ ਸਰਪੰਚ, ਲਾਇਨ ਸੰਦੀਪ ਕੌੜਾ, ਲਾਇਨ ਚਰਨਜੀਤ ਸਿਡਾਨਾ, ਲਾਇਨ ਗੁਰਦੀਪ ਸਿੰਘ ਸੈਕਟਰੀ, ਲਾਇਨ ਸ਼ਸ਼ੀ ਚੋਪੜਾ, ਲਾਇਨ ਗੁਰਿੰਦਰ ਸਿੰਘ ਜੋਜੋ, ਲਾਇਨ ਸੁਖਵਿੰਦਰ ਸਿੰਘ ਹੈਲੀ, ਲਾਇਨ ਲੇਡੀਜ ਜਸਵੀਰ ਕੌਰ, ਪ੍ਰਵੀਨ ਕੌਰ, ਨੇਹਾ ਧੀਗੜਾਂ, ਹਰਪ੍ਰੀਤ ਕੰਵਰ ਅਤੇ ਬੱਚੇ ਸ਼ਾਮਲ ਸਨ। ਇਸ ਉਪਰੰਤ ਕਲੱਬ ਦੀ ਜਨਰਲ ਮੀਟਿੰਗ ਹੋਈ ਜੋ ਬਹੁਤ ਹੀ ਖੁਸ਼ਗਵਾਰ ਮਹੌਲ ਵਿੱਚ ਹੋਈ।

## ਮੌਤ ਦੇ ਬਿਸਤਰੇ ਤੋਂ ਜ਼ਿੰਦਗੀ ਦਾ ਸੁਨੇਹਾ




ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਲਾਹੌਰ ਵਿੱਚ ਸਾਈਬਰ ਕ੍ਰਾਈਮ ਨੂੰ ਇਨਸਾਫ਼ ਤੋਂ ਵਾਂਝਾ ਹੋਏ ਦੋ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਪਿਛਲੀ ਵਾਰ ਜਦੋਂ ਜਾਂਚ ਇੰਸਪੈਕਟਰ ਨੇ ਕਿਹਾ ਸੀ ਕਿ ਜ਼ਫ਼ਰ ਸਾਹਿਬ, ਇੰਨੇ ਸਾਰੇ ਹਾਈ-ਪ੍ਰੋਫਾਈਲ ਮਾਮਲੇ ਹਨ ਕਿ ਨੌਕਰਸ਼ਾਹੀ ਨੇ ਤੁਹਾਡੇ ਵਰਗੇ ਆਮ ਪਾਕਿਸਤਾਨੀ ਦੇ ਮਾਮਲੇ ਬਾਰੇ ਕਦੇ ਨਹੀਂ ਪੁੱਛਿਆ ਜਾਂ ਦਬਾਅ ਨਹੀਂ ਪਾਇਆ, ਇਹ ਸੁਣ ਕੇ ਮੇਰੀ ਮਾਨਸਿਕ ਪੀੜਾ ਅਤੇ ਚਿੰਤਾ ਵਧ ਗਈ। ਸਾਈਬਰ ਕ੍ਰਾਈਮ ਵਿੱਚ ਗੁਆਚੇ ਪੈਸੇ ਕਾਰਨ, ਮੈਂ ਕਰਜ਼ੇ ਦੇ ਬੋਝ ਹੇਠ ਅੱਧਮਰਿਆ ਕਾਰ ਵਿੱਚ ਘਰ ਪਹੁੰਚਿਆ ਤਾਂ ਮੈਨੂੰ ਅਚਾਨਕ ਦਿਲ ਦਾ ਦੌਰਾ ਪਿਆ। ਮੇਰੇ ਲਈ ਸਾਹ ਲੈਣਾ ਵੀ ਔਖਾ ਹੋ ਗਿਆ। ਡਾਕਟਰ ਨੂੰ ਬੁਲਾਇਆ ਗਿਆ ਅਤੇ ਉਸਨੇ ਆਉਂਦੇ ਹੀ ਮੈਨੂੰ ਟੀਕਾ ਲਗਾ ਦਿੱਤਾ। ਮੈਂ ਸੋਫੇ 'ਤੇ ਬੈਠਾ ਸੀ ਪਰ ਸੌਣ ਲਈ ਇੱਕ ਕਦਮ ਵੀ ਨਹੀਂ ਚੁੱਕ ਸਕਿਆ।

ਜਦੋਂ ਮੈਨੂੰ ਹੋਸ਼ ਆਇਆ, ਮੈਂ ਦੇਖਿਆ ਕਿ ਮੌਲਵੀ ਸਾਹਿਬ ਅੰਤਿਮ ਸੰਸਕਾਰ ਅਤੇ ਅੰਤਿਮ ਸੰਸਕਾਰ ਦੀ ਨਮਾਜ਼ ਲਈ ਪਹੁੰਚੇ ਸਨ। ਮੈਂ ਆਪਣੇ ਪਰਿਵਾਰ ਦੇ ਚਿਹਰੇ ਦੇਖੇ, ਜਿਨ੍ਹਾਂ ਦੇ ਚਿਹਰੇ ਦੁੱਖ ਅਤੇ ਦੁੱਖ ਦੇ ਕਾਲੇ ਬੱਦਲਾਂ ਨਾਲ ਢੱਕੇ ਹੋਏ ਸਨ। ਮੈਨੂੰ ਯਕੀਨ ਹੋ ਗਿਆ ਕਿ ਮੇਰੀ ਜ਼ਿੰਦਗੀ ਦੇ ਦਿਨ ਖਤਮ ਹੋ ਗਏ ਹਨ। ਬਾਅਦ ਵਿੱਚ, ਮੈਨੂੰ ਪਤਾ ਲੱਗਾ ਕਿ ਡਾਕਟਰ ਨੇ ਮੇਰੀ ਪਤਨੀ ਨੂੰ ਇਸ ਭਿਆਨਕ ਹਕੀਕਤ ਦਾ ਸਾਹਮਣਾ ਕਰਨ ਲਈ ਪਹਿਲਾਂ ਹੀ ਤਿਆਰ ਕਰ ਦਿੱਤਾ ਸੀ ਕਿ ਮੈਂ ਤੀਹ ਮਿੰਟਾਂ ਦੇ ਅੰਦਰ-ਅੰਦਰ ਮਰ ਜਾਵਾਂਗਾ। ਮੇਰਾ ਦਿਲ ਇੰਨਾ ਕਮਜ਼ੋਰ ਹੋ ਗਿਆ ਸੀ ਕਿ ਮੈਂ ਇੱਕ ਵੀ ਸ਼ਬਦ ਨਹੀਂ ਬੋਲ ਸਕਦਾ ਸੀ, ਨਾ ਹੀ ਮੈਂ ਆਪਣੇ ਸਰੀਰ ਦੇ ਬਹੁਤ ਸਾਰੇ ਹਿੱਸਿਆਂ ਨੂੰ ਹਿਲਾ ਸਕਦਾ ਸੀ।

ਮੈਂ ਕਦੇ ਵੀ ਬਹੁਤ ਪਵਿੱਤਰ, ਪਵਿੱਤਰ ਜਾਂ ਧਾਰਮਿਕ ਵਿਅਕਤੀ ਨਹੀਂ ਰਿਹਾ, ਪਰ ਮੈਂ ਯਕੀਨੀ ਤੌਰ 'ਤੇ ਸਿੱਖਿਆ ਹੈ, ਸਮਝਿਆ ਹੈ, ਸਵੀਕਾਰ ਕੀਤਾ ਹੈ, ਅਤੇ ਜਾਣਦਾ ਹਾਂ ਕਿ ਪਰਮਾਤਮਾ ਨੂੰ ਕਦੇ ਵੀ ਬਹਿਸ ਜਾਂ ਬਹਿਸ ਨਹੀਂ ਕਰਨੀ ਚਾਹੀਦੀ। ਇਸ ਲਈ ਮੈਂ ਆਪਣੀਆਂ ਅੱਖਾਂ ਬੰਦ ਕੀਤੀਆਂ ਅਤੇ ਆਪਣੇ ਆਪ ਨੂੰ ਕਿਹਾ, "ਸਿਰਜਣਹਾਰ, ਸਿਰਫ ਤੁਹਾਡੀ ਇੱਛਾ ਪੂਰੀ ਹੋ ਰਹੀ ਹੈ। ਜੇਕਰ ਇਹ ਇਸ ਤਰ੍ਹਾਂ ਹੋਣਾ ਹੈ, ਤਾਂ ਮੈਂ ਤੁਹਾਡੇ ਹੁਕਮ ਅਤੇ ਖੁਸ਼ੀ ਪ੍ਰਤੀ ਆਪਣੀ ਅਧੀਨਗੀ ਅਤੇ ਸੰਤੁਸ਼ਟੀ ਨੂੰ ਸਵੀਕਾਰ ਕਰਦਾ ਹਾਂ।" ਜਿਵੇਂ ਹੀ ਮੈਂ ਇਹਨਾਂ ਬ੍ਰਹਮ ਵਿਚਾਰਾਂ ਅਤੇ ਨਿੱਜੀ ਆਗਿਆਕਾਰੀ 'ਤੇ ਧਿਆਨ ਕੇਂਦਰਿਤ ਕੀਤਾ, ਮੈਂ ਆਪਣੇ ਪੂਰੇ ਜੀਵ ਵਿੱਚ ਇੱਕ ਵਿਸ਼ੇਸ਼ ਸ਼ਾਂਤੀ ਮਹਿਸੂਸ ਕੀਤੀ, ਜਿਸਨੇ ਮੇਰੀ ਆਤਮਾ ਨੂੰ ਵੀ ਆਪਣੀ ਸੁਰੱਖਿਆ ਹੇਠ ਲੈ ਲਿਆ। ਮੇਰਾ ਸਾਰਾ ਡਰ ਅਤੇ ਚਿੰਤਾ ਬਾਹਰ ਹਵਾ ਵਿੱਚ ਪਿਘਲ ਗਈ। ਮੈਂ ਆਪਣੇ ਆਪ ਨੂੰ ਪੁੱਛਿਆ, ਇਸ ਤੋਂ ਭੈੜਾ ਕੀ ਹੋ ਸਕਦਾ ਹੈ? ਮੈਨੂੰ ਅਹਿਸਾਸ ਹੋਇਆ ਕਿ ਜੇ ਇਸ ਤੋਂ ਵੀ ਭੈੜਾ ਕੁਝ ਹੁੰਦਾ, ਤਾਂ ਇਹ ਗੰਭੀਰ ਦਰਦ ਦੇ ਨਾਲ ਇੱਕ ਘਬਰਾਹਟ ਤਣਾਅ ਦੀ ਸੰਭਾਵਿਤ ਵਾਪਸੀ ਹੋਵੇਗੀ। ਫਿਰ ਜੀਵਨ ਦਾ ਸਾਰਾ ਸਫ਼ਰ ਖਤਮ ਹੋ ਜਾਵੇਗਾ। ਮੈਂ ਸੱਚੇ ਸਿਰਜਣਹਾਰ ਨੂੰ ਮਿਲਾਂਗਾ। ਇਸ ਦੁਨੀਆਂ ਦੇ ਸਾਰੇ ਦੁੱਖਾਂ ਦਾ ਅੰਤ ਅਤੇ ਪਰਲੋਕ ਦੇ ਸਾਰੇ ਸੁੱਖਾਂ ਦੀ ਸ਼ੁਰੂਆਤ ਸ਼ੁਰੂ ਹੋ ਗਈ ਸੀ।

ਮੈਂ ਉਸੇ ਸੋਫੇ 'ਤੇ ਲੇਟਿਆ ਅਤੇ ਬਹੁਤ ਦੇਰ ਤੱਕ ਇੰਤਜ਼ਾਰ ਕੀਤਾ, ਪਰ ਭਾਰੀ ਦਰਦ ਵਾਪਸ ਨਹੀਂ ਆਇਆ। ਫਿਰ ਮੈਂ ਆਪਣੇ ਆਪ ਤੋਂ ਪੁੱਛਿਆ, ਜੇ ਮੈਂ ਇਸ ਵਾਰ ਨਾ ਮਰਿਆ, ਤਾਂ ਮੈਂ ਆਪਣੀ ਬਾਕੀ ਦੀ ਜ਼ਿੰਦਗੀ ਕਿਵੇਂ ਜੀਵਾਂਗਾ? ਮੈਂ ਦ੍ਰਿੜਤਾ ਨਾਲ ਸੰਕਲਪ ਕੀਤਾ ਕਿ ਮੈਂ ਆਪਣੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਮੈਂ ਘਬਰਾਹਟ ਦੇ ਟਕਰਾਅ ਅਤੇ ਚਿੰਤਾਵਾਂ ਨਾਲ ਆਪਣਾ ਜਹਾਜ਼ ਨਹੀਂ ਡੁੱਬਾਂਗਾ, ਸਗੋਂ ਮੈਂ ਉਸ ਤਾਕਤ ਨੂੰ ਪ੍ਰਾਪਤ ਕਰਾਂਗਾ ਅਤੇ ਸੁਰੱਖਿਅਤ ਰੱਖਾਂਗਾ ਜੋ ਉਦਾਸੀਨਤਾ ਕਾਰਨ ਗੁਆਚ ਰਹੀ ਸੀ। ਇਸ ਘਟਨਾ ਤੋਂ ਕਈ ਸਾਲ ਬੀਤ ਗਏ ਹਨ ਅਤੇ ਮੈਂ ਇਸ ਹੱਦ ਤੱਕ ਤਾਕਤ ਪ੍ਰਾਪਤ ਕੀਤੀ ਹੈ ਕਿ ਡਾਕਟਰ ਵੀ ਆਪਣੇ ਦਿਲ ਦੀਆਂ ਨਾੜੀਆਂ ਦੀ ਮਜ਼ਬੂਤ ਸਿਹਤ ਦੀ ਜਾਂਚ ਕਰਕੇ ਹੈਰਾਨ ਹਨ। ਮੈਂ ਚਿੰਤਾ ਅਤੇ ਚਿੰਤਾ ਕਰਨਾ ਛੱਡ ਦਿੱਤਾ ਹੈ, ਜਿਸ ਨੇ ਮੈਨੂੰ ਜ਼ਿੰਦਗੀ ਲਈ ਇੱਕ ਨਵਾਂ ਉਤਸ਼ਾਹ ਦਿੱਤਾ ਹੈ। ਸੱਚ ਦੱਸਾਂ ਤਾਂ, ਜੇਕਰ ਮੈਂ ਸਭ ਤੋਂ ਭੈੜੀ, ਆਪਣੀ ਸੰਭਾਵਿਤ ਮੌਤ ਦਾ ਸਾਹਮਣਾ ਨਾ ਕੀਤਾ ਹੁੰਦਾ, ਅਤੇ ਫਿਰ ਆਪਣੇ ਆਪ ਨੂੰ ਸੁਧਾਰਨ ਦੀ ਕੋਸ਼ਿਸ਼ ਨਾ ਕੀਤੀ ਹੁੰਦੀ, ਤਾਂ ਮੈਨੂੰ ਯਕੀਨ ਹੈ ਕਿ ਮੈਂ ਡਰ ਅਤੇ ਚਿੰਤਾ ਨਾਲ ਮਰ ਜਾਂਦਾ।

## ਪੀ.ਏ.ਯੂ. ਦੇ ਖੋਜ ਅਤੇ ਪਸਾਰ ਮਾਹਿਰਾਂ ਦੀ ਮਾਸਿਕ ਮੀਟਿੰਗ ਵਿਚ ਝੋਨੇ ਦੀ ਵਢਾਈ ਅਤੇ ਪਰਾਲੀ ਦੀ ਸੰਭਾਲ ਬਾਰੇ ਵਿਚਾਰਾਂ ਹੋਈਆਂ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 8 ਅਕਤੂਬਰ : ਅੱਜ ਡਾ. ਖੇਮ ਸਿੰਘ ਗਿੱਲ ਕਿਸਾਨ ਸੇਵਾ ਸਲਾਹ ਕੇਂਦਰ ਪੀ.ਏ.ਯੂ. ਵਿਖੇ ਖੋਜ ਅਤੇ ਪਸਾਰ ਮਾਹਿਰਾਂ ਦੀ ਮਾਸਿਕ ਮੀਟਿੰਗ ਹੋਈ| ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਦੀ ਪ੍ਰਧਾਨਗੀ ਵਿਚ ਹੋਈ ਇਸ ਮੀਟਿੰਗ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਕਿਸਾਨ ਸਲਾਹ ਸੇਵਾ ਕੇਂਦਰਾਂ ਦੇ ਮਾਹਿਰਾਂ ਤੋਂ ਬਿਨਾਂ ਪੀ.ਏ.ਯੂ. ਦੇ ਵੱਖ-ਵੱਖ ਵਿਸ਼ਿਆਂ ਦੇ ਵਿਗਿਆਨੀਆਂ, ਖੋਜ ਅਤੇ ਪਸਾਰ ਕਰਮੀਆਂ ਨੇ ਹਿੱਸਾ ਲਿਆ| ਮੀਟਿੰਗ ਦੌਰਾਨ ਮੌਜੂਦਾ ਫਸਲੀ ਹਾਲਾਤ ਬਾਰੇ ਚਰਚਾ ਕਰਨ ਦੇ ਨਾਲ-ਨਾਲ ਝੋਨੇ ਦੀ ਵਢਾਈ, ਵਿਕਰੀ, ਪਰਾਲੀ ਦੀ ਸੰਭਾਲ ਆਦਿ ਬਾਰੇ ਵਿਚਾਰ-ਚਰਚਾ ਹੋਈ|



ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਕਿਹਾ ਕਿ ਕਿਸਾਨ ਮੇਲਿਆਂ ਨੂੰ ਸਫਲਤਾ ਨਾਲ ਆਯੋਜਿਤ ਕਰਨ ਵਿਚ ਯੂਨੀਵਰਸਿਟੀ ਦੇ ਸਮੁੱਚੇ ਕਰਮਚਾਰੀਆਂ ਅਤੇ ਮਾਹਿਰਾਂ ਨੇ ਡਟ ਕੇ ਕਾਰਜ ਕੀਤਾ ਹੈ| ਹੁਣ ਝੋਨੇ ਦੀ ਵਢਾਈ ਤੋਂ ਬਾਅਦ ਪਰਾਲੀ ਦੀ ਸੰਭਾਲ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਦਾ ਸਮਾਂ ਹੈ| ਉਹਨਾਂ ਨੇ ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਪਸਾਰ ਕੰਮਾਂ ਉੱਪਰ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਇਸਨੂੰ ਹੋਰ ਮਜ਼ਬੂਤ ਕਰਨ ਦਾ ਅਹਿਦ ਦੁਹਰਾਇਆ|

ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਵਿਸ਼ੇਸ਼ ਤੌਰ ਤੇ ਪਰਾਲੀ ਦੀ ਸੰਭਾਲ ਲਈ ਯੂਨੀਵਰਸਿਟੀ ਦੀਆਂ ਸਿਫ਼ਾਰਸ਼ ਕੀਤੀਆਂ ਮਸ਼ੀਨਾਂ ਦਾ ਜ਼ਿਕਰ ਕੀਤਾ| ਨਾਲ ਹੀ ਉਹਨਾਂ ਨੇ ਫਸਲੀ ਵਿਭਿੰਨਤਾ ਸੰਬੰਧੀ ਯੂਨੀਵਰਸਿਟੀ ਦੀਆਂ ਸਿਫ਼ਾਰਸ਼ਾਂ ਦਾ ਦੁਹਰਾਉ ਵੀ ਕੀਤਾ|

ਵੱਖ-ਵੱਖ ਮੁੱਦਿਆ ਉੱਪਰ ਮਾਹਿਰਾਂ ਨੇ ਨਿੱਠ ਕੇ ਵਿਚਾਰ-ਚਰਚਾ ਕੀਤੀ| ਪਿਛਲੀ ਮੀਟਿੰਗ ਦੀ ਕਾਰਵਾਈ ਰਿਪੋਰਟ ਨੂੰ ਵਿਚਾਰਿਆ ਗਿਆ ਅਤੇ ਆਉਂਦੇ ਦਿਨੀਂ ਕੀਤੇ ਜਾਣ ਵਾਲੇ ਜ਼ਰੂਰੀ ਖੇਤੀ ਕੰਮਾਂ ਸੰਬੰਧੀ ਚਰਚਾ ਵੀ ਹੋਈ| ਇਸ ਮੀਟਿੰਗ ਦਾ ਸੰਚਾਲਨ ਵਧੀਕ ਨਿਰਦੇਸ਼ਕ ਪਸਾਰ ਸਿੱਖਿਆ ਡਾ. ਪ੍ਰਭਜੋਧ ਸਿੰਘ ਸੰਧੂ ਨੇ ਕੀਤਾ|

## ਪੀ.ਏ.ਯੂ. ਦੇ ਵਿਦਿਆਰਥੀ ਨੂੰ ਕੌਮਾਂਤਰੀ ਕਾਨਫਰੰਸ ਵਿਚ ਸਰਵੋਤਮ ਪੇਸ਼ਕਾਰੀ ਇਨਾਮ ਮਿਲਿਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 8 ਅਕਤੂਬਰ (ਵਰਲਡ ਪੰਜਾਬੀ ਟਾਈਮਜ਼)ਪੀ.ਏ.ਯੂ. ਦੇ ਭੋਜਨ ਅਤੇ ਪੋਸ਼ਣ ਵਿਭਾਗ ਵਿਚ ਪੀ ਐੱਚ ਡੀ ਦੀ ਵਿਦਿਆਰਥੀ ਕੁਮਾਰੀ ਸਿਮਰਪ੍ਰੀਤ ਕੌਰ ਨੂੰ ਬੀਤੇ ਦਿਨੀਂ ਕੌਮਾਂਤਰੀ ਕਾਨਫਰੰਸ ਵਿਚ ਜ਼ੁਬਾਨੀ ਪੇਪਰ ਪੇਸ਼ ਕਰਨ ਲਈ ਸਰਵੋਤਮ ਇਨਾਮ ਦਿੱਤਾ ਗਿਆ| ਕੁਮਾਰੀ ਸਿਮਰਪ੍ਰੀਤ ਕੌਰ ਨੇ ਇਹ ਪੇਪਰ ਬੇਕਰੀ ਉਤਪਾਦਾਂ ਵਿਚ ਗਾਜਰ ਦੇ ਪਾਊਡਰ ਦੇ ਮਹੱਤਵ ਬਾਰੇ ਲਿਖਿਆ ਸੀ ਅਤੇ ਇਸ ਵਿਚ ਉਸਦਾ ਸਹਿਯੋਗ ਡਾ. ਸੋਨਿਕਾ ਸ਼ਰਮਾ, ਡਾ ਅਰਸ਼ਦੀਪ ਸਿੰਘ, ਡਾ. ਸ਼ਿਖਾ ਮਹਾਜਨ ਅਤੇ ਡਾ. ਰੂਮਾ ਦੇਵੀ ਨੇ ਕੀਤਾ ਸੀ| ਇਹ ਕਾਨਫਰੰਸ ਤਾਮਿਲਨਾਡੂ ਖੇਤੀ ਯੂਨੀਵਰਸਿਟੀ ਕੋਇੰਬਟੂਰ ਵਿਚ ਕਰਵਾਈ ਗਈ ਸੀ| ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕੁਮਾਰੀ ਸਿਮਰਪ੍ਰੀਤ ਕੌਰ ਨੂੰ ਮਾਸਟਰਜ਼ ਦੀ ਡਿਗਰੀ ਦੌਰਾਨ ਬਾਇਓਫੋਰਟੀਫਾਈਡ ਗਾਜਰ ਦੀ ਪ੍ਰਕਾਰਜੀ ਭੋਜਨ ਵਿਚ ਵਰਤੋਂ ਵਿਸ਼ੇ ਤੇ ਖੋਜ ਲਈ ਇਨਾਮ ਦਿੱਤਾ ਗਿਆ ਸੀ| ਵਿਦਿਆਰਥੀ ਦੇ ਨਿਗਰਾਨ ਭੋਜਨ ਅਤੇ ਪੋਸ਼ਣ ਮਾਹਿਰ ਡਾ. ਸੋਨਿਕਾ ਸ਼ਰਮਾ ਨੇ ਕਿਹਾ ਕਿ ਕੁਮਾਰੀ ਸਿਮਰਪ੍ਰੀਤ ਕੌਰ ਦੀ ਖੋਜ ਬੇਕਰੀ ਉਤਪਾਦਾਂ ਵਿਚ ਉੱਚ ਪੋਸ਼ਣ ਵਾਲੇ ਤੱਤਾਂ ਦੀ ਵਰਤੋਂ ਵਧਾਉਣ ਦੀ ਦਿਸ਼ਾ ਵਿਚ ਬੜੀ ਅਹਿਮ ਸਾਬਿਤ ਹੋਵੇਗੀ|

ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸੁਖਜੀਤਪਾਲ ਸਿੰਘ ਆਈ ਏ ਐੱਸ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਡੀਨ ਪੋਸਟ ਗ੍ਰੈਜੂਏਟ ਸਟਡੀਜ਼ ਡਾ. ਹਰਮਿੰਦਰ ਸਿੰਘ, ਡੀਨ ਕਮਿਊਨਟੀ ਸਾਇੰਸ ਡਾ. ਕਿਰਨ ਬੈਂਸ ਅਤੇ ਭੋਜਨ ਅਤੇ ਪੋਸ਼ਣ ਵਿਭਾਗ ਦੇ ਮੁਖੀ ਡਾ. ਹਰਪ੍ਰੀਤ ਕੌਰ ਨੇ ਵਿਦਿਆਰਥੀ ਅਤੇ ਉਸਦੇ ਨਿਗਰਾਨ ਨੂੰ ਇਸ ਪ੍ਰਾਪਤੀ ਖਾਤਰ ਵਧਾਈ ਦਿੱਤੀ|